Punjab Government Gazette

EXTRAORDINARY

Published by Authority

CHANDIGARH, TUESDAY, SEPTEMBER 16, 2025 (BHADRA 25, 1947 SAKA)

ਪੰਜਾਬ ਸਰਕਾਰ

ਮਾਈਨਜ਼ ਅਤੇ ਜਿਓਲੋਜੀ ਵਿਭਾਗ

(ਪ੍ਰੋਜੈਕਟ ਸ਼ਾਖਾ)

ਨੋਟੀਫਿਕੇਸ਼ਨ

ਮਿਤੀ 12 ਸਤੰਬਰ, 2025

ਨੰ. E-977900/PJ6/320.-ਪੰਜਾਬ ਰਾਜ ਨੂੰ ਪ੍ਰਭਾਵਿਤ ਕਰਨ ਵਾਲੇ ਵਿਨਾਸ਼ਕਾਰੀ ਹੜ੍ਹਾਂ ਦੇ ਮੱਦੇਨਜ਼ਰ ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਮਾਈਨਜ਼ ਐਂਡ ਮਿਨਰਲਜ਼ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ, 1957 (1957 ਦਾ ਕੇਂਦਰੀ ਐਕਟ ਨੰ. 67) ਅਧੀਨ ਬਣਾਏ ਗਏ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 90 ਦੁਆਰਾ ਦਿੱਤੇ ਗਏ ਅਧਿਕਾਰਾਂ ਅਤੇ ਇਸਨੂੰ ਸਮਰੱਥ ਬਣਾਉਣ ਵਾਲੀਆਂ ਹੋਰ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਨਿਯਮਾਂ ਦੇ ਉਪਬੰਧਾਂ, ਜੋ ਵੀ ਲਾਗੂ ਹੋਵੇ ਵਿੱਚ ਢਿੱਲ ਦਿੰਦੇ ਹੋਏ, ਇੱਕ ਮੁਸ਼ਤ ਰਾਹਤ ਵਜੋਂ 31 ਦਸੰਬਰ, 2025 ਤੱਕ ਹੜ੍ਹਾਂ ਕਾਰਨ ਖੇਤੀਯੋਗ ਖੇਤਾਂ ਵਿੱਚ ਜਮ੍ਹਾ ਹੋਈ ਗਾਦ/ਰੇਤ ਅਤੇ ਦਰਿਆ ਨਾਲ ਆਏ ਖਣਿਜ ਪਦਾਰਥਾਂ ਨੂੰ ਕਿਸਾਨਾਂ ਵਲੋਂ ਹਟਾਉਣ ਅਤੇ ਚੁੱਕਣ ਦੀ ਪ੍ਰਵਾਨਗੀ ਦਿੰਦੇ ਹਨ। ਜਿਸ ਨਾਲ ਕਿਸਾਨ ਆਪਣੇ ਹੜ ਪ੍ਰਭਾਵਿਤ ਖੇਤਾਂ ਨੂੰ ਸਾਫ਼ ਕਰਦੇ ਹੋਏ ਉਨ੍ਹਾਂ ਨੂੰ ਅਗਲੇ ਬਿਜਾਈ ਸੀਜ਼ਨ ਲਈ ਤਿਆਰ ਕਰ ਸਕਦੇ ਹਨ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਹੇਠਾਂ ਦਿੱਤੀ ਗਈ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (SOP) ਦੀ ਪਾਲਣਾ ਕੀਤੀ ਜਾਵੇਗੀ:-

1. ਡਿਪਟੀ ਕਮਿਸ਼ਨਰ ਸਰਕਾਰ ਵਲੋਂ ਘੋਸ਼ਿਤ ਸਮਾਂਬੱਧ ਇੱਕਮੁਸ਼ਤ ਰਾਹਤ ***"ਜਿਹਦਾ ਖੇਤ, ਓਹਦੀ ਰੇਤ"*** ਬਾਰੇ ਸਾਰੇ ਖੇਤ ਮਾਲਕਾਂ/ਕਾਸ਼ਤਕਾਰਾਂ ਨੂੰ ਸੰਚਾਰ ਦੇ ਵੱਖ-ਵੱਖ ਸਾਧਨਾਂ (ਡੀਪੀਆਰਓਜ਼, ਡੀ.ਆਰ.ਓਜ਼, ਧਾਰਮਿਕ ਸਥਾਨਾਂ ਰਾਹੀਂ ਘੋਸ਼ਣਾਵਾਂ, ਸੋਸ਼ਲ ਮੀਡੀਆ ਆਦਿ) ਰਾਹੀਂ ਸੂਚਿਤ ਕਰਨਾ ਯਕੀਨੀ ਬਣਾਉਂਗੇ, ਜਿਸ ਅਨੁਸਾਰ ਕਿਸਾਨਾਂ ਨੂੰ ਹੜਾਂ ਦੇ ਪਾਣੀ ਕਾਰਨ ਉਨ੍ਹਾਂ ਦੇ ਖੇਤਾਂ ਵਿੱਚ ਜਮ੍ਹਾਂ ਹੋਈ ਗਾਰ/ਰੇਤ/ਦਰਿਆ ਨਾਲ ਆਏ ਖਣਿਜ ਪਦਾਰਥਾਂ ਨੂੰ ਖਾਣ ਅਤੇ ਭੂ-ਵਿਗਿਆਨ ਵਿਭਾਗ ਤੋਂ ਬਿਨ੍ਹਾਂ ਕੋਈ ਪਰਮਿਟ/ਐਨ.ਓ.ਸੀ. ਲਏ ਆਪਣੇ ਪੱਧਰ ਤੇ ਹਟਾਇਆ ਅਤੇ ਚੁੱਕਿਆ ਜਾ ਸਕਦਾ ਹੈ।

2. ਇਸ "ਇੱਕ ਮੁਸ਼ਤ ਰਾਹਤ" ਰਾਹੀਂ ਖੇਤੀਬਾੜੀ ਵਾਲੀ ਜ਼ਮੀਨ ਤੋਂ ਗਾਰ/ਰੇਤ/ਨਦੀ ਤੋਂ ਪੈਦਾ ਹੋਣ ਵਾਲੀ ਸਮੱਗਰੀ ਨੂੰ ਹਟਾਉਣਾ ਖਣਿਜ ਦੀ ਖੁਦਾਈ ਨਹੀਂ ਮੰਨਿਆ ਜਾਵੇਗਾ।

3. ਸਬੰਧਤ ਡਿਪਟੀ ਕਮਿਸ਼ਨਰ ਉਨ੍ਹਾਂ ਦੇ ਜ਼ਿਲ੍ਹੇ ਅਧੀਨ ਆਉਂਦੇ ਪਿੰਡਾਂ ਦੀ ਸੂਚੀ ਦਾ ਐਲਾਨ ਕਰਨਗੇ ਜਿਨ੍ਹਾਂ ਪਿੰਡਾਂ ਵਿੱਚ ਹੜ੍ਹਾਂ ਕਾਰਨ ਖੇਤੀਯੋਗ ਖੇਤਾਂ ਵਿੱਚ ਜਮ੍ਹਾ ਹੋਈ ਗਾਦ/ਰੇਤ/ਦਰਿਆ ਨਾਲ ਆਏ ਖਣਿਜ ਪਦਾਰਥਾਂ ਨੂੰ ਹਟਾਉਂਣ ਅਤੇ ਚੁੱਕਣ ਦਾ ਕੰਮ ਕਿਸਾਨਾਂ/ਕਾਸ਼ਤਕਾਰਾਂ/ਕਿਸਾਨਾਂ ਦੇ ਸਮੂਹ ਵਲੋਂ ਆਪਣੇ ਪੱਧਰ ਤੇ ਕੀਤਾ ਜਾਣਾ ਹੈ।

4. ਸਾਰੇ ਜ਼ਿਲ੍ਹਾ ਮਾਈਨਿੰਗ ਅਧਿਕਾਰੀਆਂ ਦੇ ਨਾਲ-ਨਾਲ ਜ਼ਿਲ੍ਹਾ ਪੱਧਰ ਅਤੇ ਉਪ-ਮੰਡਲ ਪੱਧਰ ਦੀਆਂ ਨਿਗਰਾਨੀ ਕਮੇਟੀਆਂ ਜੋ ਕਿ ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਦਫਤਰੀ ਹੁਕਮ ਨੰਬਰ-5466/4 ਐੱਮ ਮਿਤੀ 10 ਅਗਸਤ, 2023 ਦੁਆਰਾ ਨੋਟੀਫਾਈ ਕੀਤੀਆਂ ਗਈਆਂ ਸਨ, ਵਲੋਂ ਹਾਲ ਹੀ ਵਿੱਚ ਆਏ ਹੜ੍ਹਾਂ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਪ੍ਰਭਾਵਿਤ ਕਾਸ਼ਤਯੋਗ ਜ਼ਮੀਨਾਂ 'ਤੇ ਅਜਿਹੀ ਗਾਦ/ਰੇਤ/ਦਰਿਆ ਨਾਲ ਆਏ ਖਣਿਜ ਪਦਾਰਥਾਂ ਦੇ ਜਮਾਵ ਨੂੰ ਬਿਨਾਂ ਟੋਇਆਂ, ਖਾਈਆਂ ਜਾਂ ਕਿਸੇ ਹੋਰ ਤਰੀਕੇ ਨਾਲ ਮੂਲ ਜ਼ਮੀਨੀ ਪੱਧਰ/ਸਤਹਿ ਨੂੰ ਵਿਗਾੜੇ, ਹਟਾਉਣ ਅਤੇ ਚੁੱਕਣ ਦੀ ਸਹੂਲਤ ਪ੍ਰਦਾਨ ਕਰਨਗੀਆਂ।

5. ਜ਼ਿਲ੍ਹਾ ਮਾਈਨਿੰਗ ਅਧਿਕਾਰੀ ਦਾ ਦਫਤਰ ਇਹ ਸੁਨਿਸ਼ਚਿਤ ਕਰੇਗਾ ਕਿ ਕਿਸੇ ਵੀ ਪ੍ਰਵਾਨਿਤ ਨਿਯਮਤ ਦਰਿਆਈ ਖਾਣਾਂ ਜਾਂ ਦਰਿਆ ਤੋਂ ਬਾਹਰ ਦੀਆਂ ਖਾਣਾਂ, ਅਰਥਾਤ, ਕਮਰਸ਼ੀਅਲ ਮਾਈਨਿੰਗ ਸਾਈਟ (ਸੀਐਮਐਸ) ਜਾਂ ਪਬਲਿਕ ਮਾਈਨਿੰਗ ਸਾਈਟ (ਪੀਐਮਐਸ) ਤੋਂ ਅਜਿਹੀ ਕੋਈ ਨਿਕਾਸੀ ਨਾ ਹੋਵੇ।

6. ਗ਼ੈਰ-ਕਾਨੂੰਨੀ ਖਣਨ ਨੂੰ ਰੋਕਣ ਲਈ ਜ਼ਿਲ੍ਹਾ ਪੱਧਰੀ ਅਤੇ ਉਪ-ਮੰਡਲ ਪੱਧਰੀ ਨਿਗਰਾਨੀ ਕਮੇਟੀਆਂ ਇਹ ਯਕੀਨੀ ਬਣਾਉਣਗੀਆਂ ਕਿ ਉਪਰੋਕਤ ਨੋਟੀਫਿਕੇਸ਼ਨ ਦੀ ਆੜ ਵਿੱਚ ਛੋਟੇ ਖਣਿਜਾਂ ਦੀ ਗ਼ੈਰ-ਕਾਨੂੰਨੀ ਖੁਦਾਈ ਨਾ ਹੋਵੇ।

7. ਇਸ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਪੈਦਾ ਹੋਣ ਵਾਲੇ ਕਿਸੇ ਵੀ ਵਿਵਾਦ ਦਾ ਨਿਪਟਾਰਾ ਸਬੰਧਤ ਡਿਪਟੀ ਕਮਿਸ਼ਨਰ ਦੇ ਪੱਧਰ 'ਤੇ ਕੀਤਾ ਜਾਵੇਗਾ ਅਤੇ ਉਸ ਦਾ ਫੈਸਲਾ ਸਾਰੀਆਂ ਧਿਰਾਂ ਲਈ ਲਾਜ਼ਮੀ ਹੋਵੇਗਾ।

8. ਉਪਰੋਕਤ ਨਿਰਦੇਸ਼ਾਂ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਨੂੰ ਗੈਰਕਾਨੂੰਨੀ ਗਤੀਵਿਧੀ ਮੰਨਿਆ ਜਾਵੇਗਾ ਅਤੇ ਇਸ ਨੂੰ ਮਾਈਨਜ਼ ਐਂਡ ਮਿਨਰਲਜ਼ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ, 1957 ਦੇ ਉਪਬੰਧਾਂ ਅਤੇ ਇਸ ਦੇ ਤਹਿਤ ਬਣਾਏ ਗਏ ਨਿਯਮਾਂ ਅਨੁਸਾਰ ਨਜਿੱਠਿਆ ਜਾਵੇਗਾ।

ਸਹੀ/-

(ਜਸਪ੍ਰੀਤ ਤਲਵਾੜ, ਆਈ.ਏ.ਐਸ)

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,

ਮਾਈਨਿੰਗ ਅਤੇ ਜਿਆਲੋਜੀ ਵਿਭਾਗ

3500/9-2025/Pb. Govt. Press, S.A.S. Nagar